Tender Heart High School, Class-IV (Punjabi)

Chapter-4 Gurpreet Kaur

Topic- ਮੁਕਤਾ (ਤਿੰਨ ਅੱਖਰਾਂ ਵਾਲੇ ਸ਼ਬਦ) ①


ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ।


ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਚੌਥੀ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਪਾਠ-4 'ਮੁਕਤਾ- ਤਿੰਨ ਅੱਖਰਾਂ ਵਾਲੇ ਸ਼ਬਦਾਂ" ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਇਹ 'ਮੁਕਤਾ ਸ਼ਬਦ' ਤੁਹਾਡੀ ਪਾਠ-ਪੁਸਤਕ 'ਸੁੱਚੇ ਮੋਤੀ' ਦੇ ਪੰਨਾ ਨੰਬਰ-16 ਤੇ ਦਰਜ ਹਨ। ਅਸੀਂ ਪਿਛਲੇ ਹਫ਼ਤੇ ਦੇ ਪਾਠ ਵਿੱਚ "ਦੋ ਅੱਖਰਾਂ ਵਾਲੇ ਮੁਕਤਾ ਸ਼ਬਦਾਂ" ਬਾਰੇ ਪੜ੍ਹਿਆ ਸੀ, ਅੱਜ ਦੇ ਪਾਠ ਵਿੱਚ ਅਸੀਂ ਤਿੰਨ ਅੱਖਰਾਂ ਵਾਲੇ ਮੁਕਤਾ ਸ਼ਬਦ ਪੜ੍ਹਾਂਗੇ। 'ਮੁਕਤਾ' ਉਹ ਸ਼ਬਦ ਹੁੰਦਾ ਹੈ ਜਿਸਨੂੰ ਕੋਈ ਵੀ ਲਗ ਜਾਂ ਮਾਤਰਾ ਨਹੀਂ ਲੱਗਦੀ। ਜੇ, ਸਾਰੇ ਵਿਦਿਆਰਥੀ ਆਪਣੀਆਂ ਪੰਜਾਬੀ ਦੀਆਂ ਕਾਪੀਆਂ ਅਤੇ ਕਿਤਾਬਾਂ ਲੈਕੇ ਤਿਆਰ ਹਨ ਤਾਂ ਆਓ ਪੜ੍ਹਨਾ ਸ਼ੁਰੂ ਕਰੀਏ।

## 4 ਮੁਕਤਾ


### ਤਿੰਨ ਅੱਖਰਾਂ ਵਾ... ਸ਼ਬਦ



(1) ਮ + ਟ + ਰ (ਮਟਰ)




(2) ਬ + ਲ + ਦ (ਬਲਦ)




(3) ਰ + ਬ + ੜ (ਰਬੜ)



(4) ਬ+ਟ+ਨ
(ਬਟਨ)



(5) ਕ+ਣ+ਕ
(ਕਣਕ)



(6) ਕ+ਲ+ਸ਼
(ਕਲਸ਼)

**ਪੜ੍ਹੋ, ਬੋਲੋ ਤੇ ਲਿਖੋ-**

| | | | | | | | |
|---|---|---|---|---|---|---|---|
| ਬਟਨ | ਪਵਨ | ਜਗਤ | ਹਵਨ | ਨਮਕ | ਕਲਮ | ਕਮਲ | ਭਵਨ |
| ਠਮਕ | ਕਦਮ | ਅਮਰ | ਅਮਨ | ਮਦਨ | ਸਬਕ | ਸ਼ਗਨ | ਨਰਕ |
| ਨਰਮ | ਨਗਰ | ਗਰਜ | ਅਕਲ | ਦਰਦ | ਹਰਨ | ਸ਼ਬਦ | ਭਰਮ |

ਹੁਣ ਵਿਦਿਆਰਥੀ ਇਸ ਪਾਠ ਨੂੰ ਤਿਨ ਮਿਟ ਰੋਕਕੇ, ਪਹਿਲਾਂ ਉੱਪਰ ਦੱਸੇ ਮੁਕਤਾ ਸ਼ਬਦਾਂ ਨੂੰ ਬੋਲਣ ਅਤੇ ਫਿਰ ਕਾਪੀਆਂ ਵਿੱਚ ਲਿਖਣ ਦਾ ਅਭਿਆਸ ਕਰਨ।

Tender Heart High School, Class-IV (Punjabi)

Ch-4 Gurpreet Kaur

ਆਓ, ਹੁਣ ਕੁਝ ਹੋਰ ਮੁਕਤਾ ਸ਼ਬਦ ਸਿੱਖੀਏ।
ਅਸੀਂ ਛੋਟੇ-ਛੋਟੇ ਸ਼ਬਦਾਂ ਨੂੰ ਜੋੜਕੇ ਵਾਕ ਬਣਾਉਣੇ ਸਿੱਖਦੇ ਹਾਂ।

ਰਮਨ ਕਲਸ਼ ਭਰ। ਨਮਨ ਘਰ ਚਲ। ਅਮਨ ਜਤਨ ਕਰ। ਗਗਨ ਕਲਮ ਫੜ। ਭਗਤ ਹਵਨ ਕਰ। ਮਦਨ ਭਜਨ ਕਰ। ਕਰਮ ਕਰ। ਜਲ ਗਰਮ ਕਰ। ਨਗਰ ਚਲ। ਸ਼ਰਨ ਸਬਰ ਕਰ। ਧਰਮ ਕਰਮ ਕਰ। ਮਟਰ ਨਰਮ ਹਨ। ਸ਼ਬਦ ਸਰਲ ਹਨ।



ਵਿਦਿਆਰਥੀ ਇਹਨਾਂ ਮੁਕਤਾ ਸ਼ਬਦਾਂ ਨੂੰ ਧਿਆਨ ਨਾਲ ਪੜ੍ਹਨ ਅਤੇ ਲਿਖਣ ਦਾ ਵੀ ਅਭਿਆਸ ਕਰਨ। ਇਸ ਤੋਂ ਇਲਾਵਾ ਤੁਸੀ "ਸੁਪਰੀਮ ਸ਼ਬਦ ਸੁਲੇਖ" ਵਿੱਚੋਂ ਪੰਨਾ ਨੰਬਰ-1 ਅਤੇ 2 ਦਾ ਵੀ ਲਿਖਕੇ ਅਭਿਆਸ ਕਰੋ।

ਧੰਨਵਾਦ।

Last page- 3